202692267
17/7/2026
ਜੀ-1

SIR

# ਚੋਣਕਾਰ ਰਜਿਸਟਰੇਸ਼ਨ ਅਫਸਰ, 092-ਬਠਿੰਡਾ (ਸ਼ਹਿਰੀ)
## -ਕਮ- ਉਪ ਮੰਡਲ ਮੈਜਿਸਟਰੇਟ, ਬਠਿੰਡਾ

(Room No. 316, 2nd Floor, Mini Secretariat, Bathinda) E-Mail ID :- ero92bathindaurban@gmail.com

ਪੱਤਰ ਨੰ:1141-42/ਚੋਣਾਂ 2026 ਮਿਤੀ:17/07/2026

ਵਿਖੇ

01. ਸਮੂਹ ਵਿਭਾਗਾਂ ਦੇ ਮੁੱਖੀ,
ਜ਼ਿਲ੍ਹਾ ਬਠਿੰਡਾ।
02. ਜ਼ਿਲ੍ਹਾ ਸਿੱਖਿਆ ਅਫਸਰ (ਸੈਕੰਡਰੀ/ਐਲੀਮੈਂਟਰੀ),
ਬਠਿੰਡਾ।

ਵਿਸ਼ਾ :- Conduct of Special Camps for collection and subsequent Digitization of Enumeration Forms (EF) Under SIR 2026, on 19 July 2026.

ਹਵਾਲਾ:- ਮਾਨਯੋਗ ਮੁੱਖ ਚੋਣ ਅਫਸਰ ਪੰਜਾਬ ਜੀ ਦੇ ਦਫਤਰ ਦੇ ਪੱ:ਨੰ:6922 ਮਿਤੀ:17-07-2026 ਅਤੇ ਇਸ ਦਫਤਰ ਦੇ ਪੱ:ਨੰ:1131-32/ਚੋਣਾਂ ਮਿਤੀ:17-07-2026 ਦੇ ਸਬੰਧ ਵਿੱਚ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਇਸ ਦਫਤਰ ਵਲੋਂ ਜਾਰੀ ਕੀਤੇ ਗਏ ਪੱਤਰ ਰਾਹੀਂ ਮਿਤੀ:18-07-2026 ਨੂੰ ਕੈਂਪ ਲਗਾਉਣ ਸਬੰਧੀ ਲਿਖਿਆ ਗਿਆ ਸੀ। ਹਵਾਲਾ ਅਧੀਨ ਪੱਤਰ ਰਾਹੀਂ ਮਾਨਯੋਗ ਮੁੱਖ ਚੋਣ ਅਫਸਰ, ਪੰਜਾਬ, ਚੰਡੀਗੜ੍ਹ ਜੀ ਪਾਸੋਂ ਪ੍ਰਾਪਤ ਹੋਈਆਂ ਹਦਾਇਤਾਂ ਦੀ ਪਾਲਣਾ ਵਿੱਚ ਅਤੇ ਇਸ ਦਫਤਰ ਵਲੋਂ ਜਾਰੀ ਪੱਤਰ ਦੀ ਲਗਾਤਾਰਤਾ ਵਿੱਚ ਲਿਖਿਆ ਜਾਂਦਾ ਹੈ ਕਿ ਹੁਣ ਇਹ ਕੈਂਪ ਬੀ.ਐਲ.ਓਜ਼ ਵਲੋਂ ਮਿਤੀ:19-07-2026 ਨੂੰ ਸਵੇਰੇ 08:00 ਵਜੇ ਤੋਂ ਦੁਪਹਿਰ 02:00 ਵਜੇ ਤੱਕ ਲਗਾਏ ਜਾਣਗੇ। ਇਸ ਲਈ ਉਕਤ ਮਿਤੀ ਨੂੰ ਜਿਨ੍ਹਾਂ ਬਿਲਡਿੰਗਾਂ ਵਿੱਚ ਪੋਲਿੰਗ ਬੂਥ ਬਣੇ ਹੋਏ ਹਨ, ਉਨ੍ਹਾਂ ਨੂੰ ਖੁੱਲਾ ਰੱਖਿਆ ਜਾਵੇ ਅਤੇ ਬੀ.ਐਲ.ਓ. ਨੂੰ ਲੋੜੀਂਦਾ ਫਰਨੀਚਰ ਅਤੇ ਸਹਿਯੋਗ ਦੇਣਾ ਯਕੀਨੀ ਬਣਾਇਆ ਜਾਵੇ, ਇਸ ਸਬੰਧੀ ਆਪ ਦੇ ਵਿਭਾਗਾਂ/ਸਕੂਲਾਂ ਨੂੰ ਤੁਰੰਤ ਅੱਜ ਹੀ ਲੋੜੀਂਦੀਆਂ ਹਦਾਇਤਾਂ ਜਾਰੀ ਕਰ ਦਿੱਤੀਆਂ ਜਾਣ।

**ਚੋਣਕਾਰ ਰਜਿਸਟਰੇਸ਼ਨ ਅਫਸਰ,**
**092 ਬਠਿੰਡਾ ਸ਼ਹਿਰੀ -ਕਮ-**
**ਉਪ ਮੰਡਲ ਮੈਜਿਸਟਰੇਟ, ਬਠਿੰਡਾ।**

**ਪਿੱਠ ਅੰਕਣ ਨੰ:1143-47/ਚੋਣਾਂ** **ਮਿਤੀ:17/07/2026**

ਇਸ ਦਾ ਇੱਕ ਉਤਾਰਾ

1. ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਬਠਿੰਡਾ ਜੀ ਪਾਸ ਸੂਚਨਾਂ ਹਿੱਤ ਭੇਜਿਆਂ ਜਾਂਦਾ ਹੈ।
2. ਡੀ.ਪੀ.ਆਰ.ਓ. ਬਠਿੰਡਾ ਪਾਸ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਕਤ ਅਨੁਸਾਰ ਲੱਗਣ ਵਾਲੇ ਕੈਂਪ ਦੀ ਮੁਨਾਦੀ ਡਿਜ਼ੀਟਲ ਮੀਡੀਆ ਰਾਹੀਂ ਅੱਜ ਹੀ ਕਰਵਾ ਦਿੱਤੀ ਜਾਵੇ।
3. ਸੁਪਰਵਾਈਜ਼ਰ, 092 ਬਠਿੰਡਾ (ਸ਼ਹਿਰੀ) ਵਿਧਾਨ ਸਭਾ ਹਲਕਾ ਨੂੰ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਆਪਣੇ ਅਧੀਨ ਆਉਂਦੇ ਬੀ.ਐਲ.ਓਜ਼. ਨੂੰ ਪੋਲਿੰਗ ਸਟੇਸ਼ਨਾਂ ਉਪਰ ਬਿਠਾਉਣਾ ਯਕੀਨੀ ਬਣਾਇਆ ਜਾਵੇ ਅਤੇ ਕੈਂਪ ਦੌਰਾਨ ਖੁਦ ਵੀ ਪੋਲਿੰਗ ਸਟੇਸ਼ਨ ਤੇ ਬੀ.ਐਲ.ਓਜ਼. ਨੂੰ ਲੋੜੀਂਦੇ ਸਹਿਯੋਗ ਲਈ ਹਾਜਰ ਰਹਿਣਾ ਯਕੀਨੀ ਬਣਾਇਆ ਜਾਵੇ। ਬੂਥਾਂ ਦੇ ਏਰੀਏ ਵਿੱਚ ਕੈਂਪ ਸਬੰਧੀ ਮੁਨਾਦੀ ਕਰਵਾ ਦਿੱਤੀ ਜਾਵੇ।
4. ਸਮੂਹ ਬੀ.ਐਲ.ਓਜ਼. 092 ਬਠਿੰਡਾ (ਸ਼ਹਿਰੀ) ਵਿਧਾਨ ਸਭਾ ਹਲਕਾ ਨੂੰ ਭੇਜਦੇ ਹੋਏ ਹਦਾਇਤ ਕੀਤੀ ਜਾਂਦੀ ਹੈ ਕਿ ਆਪਣੇ ਪੋਲਿੰਗ ਸਟੇਸ਼ਨਾਂ ਉਪਰ ਹਾਜਰੀ ਯਕੀਨੀ ਬਣਾਈ ਜਾਵੇ ਅਤੇ ਈ.ਐਫ. ਪ੍ਰਾਪਤ ਕੀਤੇ ਜਾਣ ਅਤੇ ਜਿਹੜੇ ਪਹਿਲਾਂ ਪ੍ਰਾਪਤ ਫਾਰਮ ਆਪ ਪਾਸ ਪਏ ਹਨ, ਉਨ੍ਹਾਂ ਨੂੰ ਡਿਜ਼ੀਟਾਇਜ ਕਰ ਦਿੱਤਾ ਜਾਵੇ। ਜਿਹੜੇ ਬੀ.ਐਲ.ਓ. ਵਲੋਂ 100% ਕੰਮ ਮੁਕੰਮਲ ਕੀਤਾ ਜਾ ਚੁੱਕਾ ਹੈ, ਉਨ੍ਹਾਂ ਬੂਥਾਂ ਦੇ ਬੀ.ਐਲ.ਓਜ਼. ਬੀ.ਐਲ.ਓ.-ਬੀ.ਐਲ.ਏ. ਮੀਟਿੰਗਾਂ ਸਬੰਧੀ ਕਾਰਵਾਈ ਅਮਲ ਵਿੱਚ ਲਿਆਉਣੀ ਯਕੀਨੀ ਬਣਾਉਣ।
5. ਸਮੂਹ ਰਾਜਨੀਤਿਕ ਪਾਰਟੀਆਂ ਵਲੋਂ ਨਿਯੁਕਤ ਬੀ.ਐਲ.ਏ.-1 ਪਾਸ ਭੇਜ ਕੇ ਲਿਖਿਆ ਜਾਂਦਾ ਹੈ ਕਿ ਆਪ ਵਲੋਂ ਨਿਯੁਕਤ ਕੀਤੇ ਗਏ ਬੀ.ਐਲ.ਏ.-2 ਨੂੰ ਉਕਤ ਕੈਂਪਾਂ ਵਿੱਚ ਹਾਜਰ ਹੋ ਕੇ ਬੀ.ਐਲ.ਓਜ਼. ਨਾਲ ਲੋੜੀਂਦਾ ਸਹਿਯੋਗ ਕਰਵਾਉਣ ਲਈ ਹਦਾਇਤਾਂ ਜਾਰੀ ਕਰ ਦਿੱਤੀਆਂ ਜਾਣ ਅਤੇ ਇਸ ਸਬੰਧੀ ਵੱਧ ਤੋਂ ਵੱਧ ਲੋਕਾਂ ਨੂੰ ਜਾਗਰੂਕ/ ਮੁਨਾਦੀ ਕਰਵਾਈ ਜਾਵੇ।

**ਚੋਣਕਾਰ ਰਜਿਸਟਰੇਸ਼ਨ ਅਫਸਰ,**
**092 ਬਠਿੰਡਾ ਸ਼ਹਿਰੀ -ਕਮ-**
**ਉਪ ਮੰਡਲ ਮੈਜਿਸਟਰੇਟ, ਬਠਿੰਡਾ।**

**ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)ਬਠਿੰਡਾ**

**ਪਿਠ ਅੰਕਣ** ਨੰ ਜੀ-1/1 ( )2026/ 1180 ਮਿਤੀ : 17.07.26

ਉਕਤ ਦਾ ਉਤਾਰਾ ਸਮੂਹ ਸਕੂਲ ਮੁਖੀਆਂ ਨੂੰ , ਸੁਚਨਾ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ।

17/07/26

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਬਠਿੰਡਾ ।